# ਭਗਤਿ ਹੇਤਿ ਅਵਤਾਰੁ ਲੀਓ ਹੈ

## ਗਉੜੀ ॥
## ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ ॥

ਗਉੜੀ ਰਾਗ ਵਿਚ ਕਬੀਰ ਜੀ ਫੁਰਮਾਨ ਕਰਦੇ ਹਨ ਕਿ ਨੰਦ ਜੀ 84 ਲਖ ਜੂਨਾਂ ਦੇ ਗੇੜ ਵਿਚ ਘੁੰਮਦੇ ਥਕ ਚੁਕੇ ਸਨ ।

## ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ ॥੧॥

(ਉਨ੍ਹਾਂ ਦੀ ਕੋਈ ਸੁਤੀ ਹੋਈ ਪੂਰਬਲੀ ਕਮਾਈ ਜਾਗੀ) ਮਹਾਰਾਜ ਸ੍ਰੀ ਕ੍ਰਿਸ਼ਨ ਜੀ, ਸਮੇਂ ਦੀ ਗੁਰ ਜੋਤਿ ਨੇ ਆਪਣੇ ਭਗਤਾਂ ਦੇ ਉਧਾਰ ਦੀ ਖਾਤਰ ਪ੍ਰਕਾਸ਼ ਧਾਰਿਆ। ਹਮੇਸ਼ਾਂ ਹੀ ਉਹ ਆਪਣੇ ਭਗਤਾਂ ਦੀ ਖਾਤਰ ਹੀ ਅਵਤਾਰ ਧਾਰਦੇ ਹਨ – '**ਭਗਤਿ ਹੇਤਿ ਨਰਸਿੰਘ ਭੇਖ।।**' ਭਗਤ ਪ੍ਰਹਲਾਦ ਦੀ ਖਾਤਰ ਨਰ ਸਿੰਘ ਰੂਪ ਵਿਚ ਵੀ ਆਉਣ ਵਿਚ ਵੀ ਸੰਕੋਚ ਨਹੀਂ ਕੀਤਾ। ਸ੍ਰੀ ਕ੍ਰਿਸ਼ਨ ਜੀ ਨੇ ਵੀ ਆਪਣੇ ਭਗਤਾਂ ਦੀ ਖਾਤਰ ਹੀ ਪ੍ਰਕਾਸ਼ ਧਾਰਿਆ ਪਰ ਨਾਲ ਹੀ ਵਿਚਾਰੇ ਨੰਦ ਜੀ ਦੇ ਵੀ ਪਿਤਾ ਬਣਨ ਕਰਕੇ ਭਾਗ ਖੁਲ ਗਏ। ਘਰ ਦੇ ਵਿਚ ਗੁਰ ਜੋਤਿ ਦਾ ਆਉਣਾ ਵਡੇ ਭਾਗਾਂ ਵਾਲੀ ਗਲ ਹੁੰਦੀ ਹੈ, ਇਸੇ ਲਈ ਬਾਣੀ ਵਿਚ ਮਾਤਾ ਦੇਵਕੀ ਨੂੰ ਵੀ ਧੰਨ ਕਿਹਾ ਗਿਆ ਹੈ – '**ਧਨਿ ਧਨਿ ਤੂ ਮਾਤਾ ਦੇਵਕੀ।। ਜਿਹ ਗ੍ਰਿਹ ਰਮਈਆ ਕਵਲਾਪਤੀ।।**' ਅਤੇ ਹੋਰ ਵੀ ਬਾਣੀ ਦਾ ਅਜਿਹਾ ਫ਼ੁਰਮਾਨ ਹੈ:
'**ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ।।**'

ਅਸਲ ਵਿਚ ਤਾਂ ਗੁਰੂ ਰੂਪ ਮਹਾਤਮਾ ਦੁਨੀਆਂ ਦੇ ਉਧਾਰ ਦੀ ਖਾਤਰ ਪ੍ਰਕਾਸ਼ ਧਾਰਦਾ ਹੀ ਰਹਿੰਦਾ ਹੈ ਪਰ ਜਿਸਨੂੰ ਵਡਿਆਈ ਦੇਣ ਲਈ ਜਿਸਦੇ ਘਰ ਉਤਰਦਾ ਹੈ ਉਸਦੇ ਵਡੇ ਭਾਗ ਹੁੰਦੇ ਹਨ। ਉਸ ਦੇ ਘਰ ਉਸ ਮਹਾਤਮਾ ਦੇ ਅਵਤਰਣ ਨਾਲ ਉਸ ਦੀਆਂ ਕੁਲਾਂ ਦਾ ਉਧਾਰ ਸੁਤੇ ਸਿਧ ਹੀ ਹੋ ਜਾਂਦਾ ਹੈ।

## ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ ॥

---

ਪਰ ਹੇ ਲੋਕੋ! ਤੁਸੀਂ ਸ੍ਰੀ ਕ੍ਰਿਸ਼ਨ ਜੀ ਨੂੰ ਨੰਦ ਦੇ ਪੁਤਰ ਆਖੀ ਜਾਂਦੇ ਹੋ, ਸੋਚੋ ਉਹ ਨੰਦ ਦੇ ਪੁਤਰ ਕਿਵੇਂ ਹੋ ਗਏ।

## ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ ॥੧॥ ਰਹਾਉ ॥

ਧਰਤੀ, ਆਕਾਸ਼, ਦਸੋ ਦਿਸ਼ਾਵਾਂ ਨਹੀਂ ਸਨ ਤਾਂ ਇਹ ਨੰਦ ਕਿਥੇ ਸੀ? ਕਹਿਣ ਦਾ ਭਾਵ ਸਾਰੀ ਸ੍ਰਿਸ਼ਟੀ ਬਣਨ ਤੋਂ ਪਹਿਲਾਂ ਤਾਂ ਨੰਦ ਦੀ ਹੋਂਦ ਨਹੀਂ ਸੀ ਪਰ ਉਸ ਗੁਰ ਜੋਤਿ ਕ੍ਰਿਸ਼ਨ ਜੀ ਦੀ ਹੋਂਦ ਤਾਂ ਫ਼ਿਰ ਵੀ ਸੀ, ਕਿਉਂਕਿ ਇਹੀ ਗੁਰ ਜੋਤਿ ਹੀ ਤਾਂ ਸ੍ਰਿਸ਼ਟੀ ਦਾ ਕਰਤਾ ਹੈ! ਤਾਂ ਮਤਲਬ ਇਹ ਨਿਕਲਿਆ ਕਿ ਅਸਲ ਪਿਤਾ ਤਾਂ ਉਹ ਗੁਰ ਜੋਤਿ ਹੈ ਜੋ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ।੧।ਰਹਾਉ।

## ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥

ਇਹ ਗੁਰ ਜੋਤਿ (ਇਥੇ ਸ੍ਰੀ ਕ੍ਰਿਸ਼ਨ ਜੀ ਦੇ ਰੂਪ ਵਿਚ ) ਜਨਮ ਮਰਨ ਦੇ ਸੰਕਟ ਵਿਚ ਨਹੀਂ ਪੈਂਦੀ, ਭਾਵ ਅਜਿਹੇ ਪਰ ਉਪਕਾਰੀ ਜਨ ਜਨਮ ਮਰਨ ਦੇ ਗੇੜ ਤੋਂ ਮੁਕਤ ਹੁੰਦੇ ਹਨ – '**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ।। ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।।**'
ਇਥੇ ਸ੍ਰੀ ਕ੍ਰਿਸ਼ਨ ਜੀ ਜਨਮ ਮਰਣ ਤੋਂ ਰਹਿਤ ਦਸੇ ਗਏ ਹਨ।
ਆਮ ਜੀਵ ਕਰਮਾਂ ਦਾ ਬਧਾ ਜਨਮ ਲੈ ਕੇ ਆਉਂਦਾ ਹੈ, ਕਰਮਾਂ ਅਨੁਸਾਰ ਹੀ ਰਿਸ਼ਤੇ ਭੋਗਦਾ ਹੈ ਅਤੇ ਕਰਮਾਂ ਦਾ ਬਧਾ ਹੀ ਤੁਰ ਜਾਂਦਾ ਹੈ। ਇਥੇ ਸਪੱਸ਼ਟ ਰੂਪ ਵਿਚ ਕਿਹਾ ਗਿਆ ਹੈ ਕਿ ਉਹ ਸ੍ਰੀ ਕ੍ਰਿਸ਼ਨ ਜੀ ਜਨਮ ਮਰਨ ਦੇ ਸੰਕਟ ਤੋਂ ਬਾਹਰ ਹਨ, ਮਾਇਆ ਦੇ ਪ੍ਰਭਾਵ ਤੋਂ ਪਰੇ ਹਨ, ਇਸ ਲਈ ਉਹ ਨਿਰੰਜਨ ਕਹਾਉਂਦੇ ਹਨ। ਅਜਿਹੇ ਮਹਾਤਮਾ ਨੂੰ ਐਸਾ ਕੋਈ ਬੰਧਨ ਨਹੀਂ ਹੁੰਦਾ, ਉਹ ਰਜ਼ਾ ਵਿਚ ਨਿਸੰਗ ਆਉਂਦੇ ਤੇ ਜਾਂਦੇ ਹਨ, ਜਿਵੇਂ ਪੰਨਾ ੯੩੨ ਤੇ ਗੁਰੂ ਨਾਨਕ ਸਾਹਿਬ ਦਾ ਫੁਰਮਾਣ ਹੈ – '**ਗੁਰਮੁਖਿ ਆਵੈ ਜਾਇ ਨਿਸੰਗੁ।।**' ਅਜਿਹੇ ਮਹਾਤਮਾ ਦੇ ਅਵਤਰਣ ਦਾ ਕੋਈ ਖ਼ਾਸ ਰੱਬੀ ਮਿਸ਼ਨ ਹੁੰਦਾ ਹੈ। ਉਹ ਤਾਂ ਆਪਣੇ ਭਗਤਾਂ ਦੀ ਖਾਤਰ ਅਵਤਾਰ ਧਾਰਣ ਕਰਦਾ ਹੈ, ਜਿਵੇਂ ਦਸਵੇਂ ਪਾਤਸ਼ਾਹ ਨੇ ਵੀ ਫ਼ੁਰਮਾਣ ਕੀਤਾ ਹੈ :
'**ਯਾਹੀ ਕਾਜ ਧਰਾ ਹਮ ਜਨਮੰ।। ਸਮਝ ਲੇਹੋ ਸਾਧੂ ਸਭ ਮਨਮੰ।। ਧਰਮ ਚਲਾਵਨ ਸੰਤ ਉਬਾਰਨ।। ਦੁਸਟ ਸਭਨ ਕੋ ਮੂਲ ਉਪਾਰਨ।।੪੩।।**'
ਭਾਵ: ਸਾਰੇ ਭਗਤ ਜਨ ਇਹ ਸਮਝ ਲਉ ਕਿ ਅਸੀਂ ਉਨ੍ਹਾਂ ਦੇ ਉਧਾਰ ਕਰਨ ਹਿਤ ਅਵਤਾਰ ਲਿਆ ਹੈ। ਧਰਮ ਕਾਇਮ ਕਰਨ ਹਿਤ ਅਤੇ ਸੰਤ ਜਨਾ ਦੇ ਉਧਾਰ ਹਿਤ ਅਤੇ ਦੁਸ਼ਟਾਂ ਦੇ ਨਾਸ ਕਰਨ ਲਈ।੪੩।

## ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥੨॥੧੯॥੭੦॥

ਸੋ ਕਬੀਰ ਜੀ ਸ੍ਰੀ ਕ੍ਰਿਸ਼ਨ ਜੀ ਨੂੰ ਆਪਣਾ ਪੂਜਯ ਇਸ਼ਟ, ਸੁਆਮੀ ਦਸਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਗੁਰ ਜੋਤਿ ਰੂਪ ਸ੍ਰੀ ਕ੍ਰਿਸ਼ਨ ਜੀ ਦਾ ਅਸਲ ਮਾਤਾ ਪਿਤਾ ਕਿਸੇ ਨੂੰ ਨਹੀਂ ਠਹਿਰਾਇਆ ਜਾ ਸਕਦਾ – '**ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ।।**' ਪੰਨਾ ੬੫੮; ਭਾਵ, ਮਹਾਤਮਾ ਕਿਸੇ ਮੋਹ ਦੇ ਰਿਸ਼ਤਿਆਂ ਦਾ ਬੰਨ੍ਹਿਆਂ ਹੋਇਆ ਨਹੀਂ ਹੁੰਦਾ, ਉਹ ਤਾਂ ਉਸ

ਦਾ ਹੁੰਦਾ ਹੈ ਜੋ ਉਸ ਨੂੰ ਭਾਅ ਜਾਏ। ਇਸੇ ਤਰ੍ਹਾਂ ਉਸ ਦਾ ਕੋਈ ਮਾਤਾ ਪਿਤਾ ਨਹੀਂ ਠਹਿਰਾਇਆ ਜਾ ਸਕਦਾ।

ਅਸਲ ਵਿਚ ਕਬੀਰ ਜੀ ਨੇ ਇਸ ਸ਼ਬਦ ਵਿਚ ਗੁਰ ਜੋਤਿ ਦੀ ਉਸਤਤਿ ਕੀਤੀ ਹੈ ਅਤੇ ਆਪਣੇ ਸਮੇਂ ਦੇ ਗੁਰ-ਜੋਤਿ, ਸ੍ਰੀ ਕ੍ਰਿਸ਼ਨ ਜੀ ਦੀ ਮਿਸਾਲ ਲਈ ਹੈ, ਜੋ ਹਰ ਆਉਣ ਵਾਲੇ ਸਮੇਂ ਤੇ ਗੁਰ-ਜੋਤਿ ਲਈ ਸਹੀ ਹੈ, ਚਾਹੇ ਉਹ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਤਕ ੧੦ ਪਾਤਸ਼ਾਹ ਹਨ ਜਾਂ ਹੋਰ ਆਉਣ ਵਾਲੇ ਸਮੇਂ ਵਿਚ ਵੀ ਹੋਣ।

Last modified: 13 Feb 2020